# 4

# ਫੌਜਦਾਰੀ ਅਤੇ ਪਰਿਵਾਰਕ ਕਾਨੂੰਨ

PJB 004

## ਓਨਟਾਰੀਓ ਵਿੱਚ ਔਰਤਾਂ ਲਈ ਪਰਿਵਾਰਕ ਕਾਨੂੰਨ



## ਸਾਰੀਆਂ ਔਰਤਾਂ ਲਈ
## ਇੱਕੋ ਪਰਿਵਾਰਕ ਕਾਨੂੰਨ।

### ਆਪਣੇ ਹੱਕ ਜਾਣੋ।

flew Family Law Education for Women
Women's Right to Know

fodf Femmes ontariennes et droit de la famille
Le droit de savoir

# ਫੌਜਦਾਰੀ ਅਤੇ ਪਰਿਵਾਰਕ ਕਾਨੂੰਨ

*ਇਸ ਪਰਚੇ ਦਾ ਮਕਸਦ ਤੁਹਾਨੂੰ ਕਾਨੂੰਨੀ ਮਾਮਲਿਆਂ ਬਾਰੇ ਬੁਨਿਆਦੀ ਗੱਲਾਂ ਸਮਝਾਉਣਾ ਹੈ। ਇਹ ਕਾਨੂੰਨੀ ਸਲਾਹ ਅਤੇ ਮਦਦ ਦਾ ਬਦਲ ਨਹੀਂ ਹੈ। ਜੇ ਤੁਸੀਂ ਪਰਿਵਾਰਕ ਕਾਨੂੰਨ ਵਿੱਚ ਉਲਝੇ ਹੋਏ ਹੋ ਤਾਂ ਆਪਣੇ ਹੱਕਾਂ ਦੀ ਹਿਫਾਜ਼ਤ ਲਈ ਜਿੰਨੀ ਛੇਤੀ ਹੋ ਸਕੇ, ਕਾਨੂੰਨੀ ਸਲਾਹ ਲਓ। ਪਰਿਵਾਰਕ ਕਾਨੂੰਨ ਦਾ ਕੋਈ ਵਕੀਲ ਲੱਭਣ ਅਤੇ ਉਸ ਦੀ ਫੀਸ ਦੇਣ ਬਾਰੇ ਵਧੇਰੇ ਜਾਣਕਾਰੀ ਲਈ ਸਾਡੀ ਵੈੱਬਸਾਈਟ www.onefamilylaw.ca 'ਤੇ ਸਾਡਾ ਪਰਚਾ "ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ" ਵੇਖੋ।*

ਕੈਨੇਡਾ ਵਿਚਲੀਆਂ ਔਰਤਾਂ ਨੂੰ ਹਰ ਰੋਜ਼ ਹਿੰਸਾ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਹਿੰਸਾ ਵਿੱਚ ਦੁਰਵਿਹਾਰ ਨੂੰ ਵੀ ਗਿਣਿਆ ਜਾਂਦਾ ਹੈ ਜਿਸ ਵਿੱਚ ਸਰੀਰਕ, ਜਿਨਸੀ (ਸੈਕਸੁਅਲ), ਭਾਵਨਾਤਮਕ, ਮਨੋਵਿਗਿਆਨਕ ਅਤੇ ਵਿੱਤੀ (ਪੈਸੇ ਸੰਬੰਧੀ) ਦੁਰਵਿਹਾਰ ਵੀ ਸ਼ਾਮਲ ਹੈ। ਦੁਰਵਿਹਾਰ ਇਸ ਲਈ ਵਾਪਰਦਾ ਹੈ ਕਿਉਂਕਿ ਦੁਰਵਿਹਾਰ ਕਰਨ ਵਾਲੇ ਨੂੰ ਪੀੜਤ ਵਿਅਕਤੀ ਉੱਤੇ ਤਾਕਤ ਦਾ ਇਸਤੇਮਾਲ ਕਰਨ ਦੀ ਖੁੱਲ੍ਹ ਅਤੇ ਕਾਬੂ ਰੱਖਣ ਦੀ ਲੋੜ ਹੁੰਦੀ ਹੈ। ਦੁਰਵਿਹਾਰ ਵਿੱਚ ਤੁਹਾਡਾ ਕਸੂਰ ਨਹੀਂ ਹੁੰਦਾ। ਦੁਰਵਿਹਾਰ ਦੀ ਵਜ੍ਹਾ ਤੁਸੀਂ ਨਹੀਂ ਸੀ।

## ਦੁਰਵਿਹਾਰ ਦੀਆਂ ਕਿਹੜੀਆਂ ਕਿਸਮਾਂ ਗੈਰਕਾਨੂੰਨੀ ਹਨ?

ਕੈਨੇਡਾ ਵਿੱਚ ਦੁਰਵਿਹਾਰ ਦੀਆਂ ਕਈ ਕਿਸਮਾਂ ਨੂੰ ਜੁਰਮ ਮੰਨਿਆਂ ਜਾਂਦਾ ਹੈ। ਦੁਰਵਿਹਾਰ ਦੀਆਂ ਸਭ ਤੋਂ ਆਮ ਕਿਸਮਾਂ ਇਹ ਹਨ:

**ਪਿੱਛਾ ਕਰਨਾ (stalking) –** ਮਤਲਬ ਜਦੋਂ ਕੋਈ ਦੁਰਵਿਹਾਰ ਕਰਨ ਵਾਲ਼ਾ ਤੁਹਾਨੂੰ ਡਰਾਉਣ ਲਈ ਕੋਈ ਹਰਕਤ ਕਰੇ। ਪਿੱਛਾ ਕਰਨਾ ਇੱਕ ਜੁਰਮ ਹੈ ਭਾਵੇਂ ਦੁਰਵਿਹਾਰ ਕਰਨ ਵਾਲ਼ਾ ਤੁਹਾਨੂੰ ਕੋਈ ਸਰੀਰਕ ਸੱਟ ਨਾ ਵੀ ਮਾਰੇ। ਪਿੱਛਾ ਕਰਨ ਨੂੰ ਕੈਨੇਡਾ ਦੇ ਫੌਜਦਾਰੀ ਕਾਨੂੰਨ ਵਿੱਚ **ਮੁਜਰਮਾਨਾ ਤੌਰ 'ਤੇ ਪ੍ਰੇਸ਼ਾਨ ਕਰਨਾ (criminal harassment)** ਕਿਹਾ ਜਾਂਦਾ ਹੈ। ਜੇ ਕੋਈ ਵਿਅਕਤੀ ਹੇਠ ਲਿਖੀਆਂ ਵਿੱਚੋਂ ਕੋਈ ਵੀ ਹਰਕਤ ਕਰੇ ਤਾਂ ਉਸ ਨੂੰ ਤੁਹਾਡਾ ਪਿੱਛਾ ਕਰਨ ਵਾਲ਼ਾ ਮੰਨਿਆ ਜਾਵੇਗਾ:

- ਤੁਹਾਡੇ 'ਤੇ ਨਿਗਾਹ ਰੱਖਦਾ ਹੈ ਅਤੇ ਤੁਹਾਡੇ ਪਿੱਛੇ-ਪਿੱਛੇ ਆਉਂਦਾ ਹੈ
- ਤੁਹਾਨੂੰ ਅਜਿਹੇ ਤੋਹਫ਼ੇ ਭੇਜਦਾ ਹੈ ਜੋ ਤੁਸੀਂ ਨਹੀਂ ਲੈਣੇ ਚਾਹੁੰਦੇ
- ਤੁਹਾਡੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਂਦਾ ਹੈ

- ਤੁਹਾਡੇ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕਰਦਾ ਹੈ ਜਾਂ ਤੁਹਾਡੇ ਨਾ ਚਾਹੁਣ ਦੇ ਬਾਵਜੂਦ ਤੁਹਾਡੇ ਨਾਲ ਸੰਪਰਕ ਕਰਦਾ ਹੈ
- ਤੁਹਾਨੂੰ ਡਾਕ ਰਾਹੀਂ, ਵਾਇਸ ਮੇਲ 'ਤੇ ਜਾਂ ਈਮੇਲ 'ਤੇ ਬਹੁਤ ਸਾਰੇ ਅਣਚਾਹੇ ਸੁਨੇਹੇ ਭੇਜਦਾ ਹੈ
- ਤੁਹਾਡੇ ਨਾਲ ਸੰਪਰਕ ਕਰਨ ਦੀ ਜਾਂ ਹੋਰਨਾਂ ਲੋਕਾਂ ਰਾਹੀਂ ਤੁਹਾਨੂੰ ਸੁਨੇਹੇ ਭੇਜਣ ਦੀ ਕੋਸ਼ਿਸ਼ ਕਰਦਾ ਹੈ
- ਤੁਹਾਨੂੰ ਜਾਂ ਤੁਹਾਡੇ ਪਵਿਾਰ ਨੂੰ ਧਮਕਾਉਂਦਾ ਹੈ
- ਇਨ੍ਹਾਂ ਵਿਚੋਂ ਕੋਈ ਵੀ ਕਾਰਵਾਈ ਇੰਟਰਨੈੱਟ 'ਤੇ ਕਰਦਾ ਹੈ

ਜੇਕਰ ਤੁਹਾਡਾ ਪਿੱਛਾ ਕੀਤਾ ਜਾ ਰਿਹਾ ਹੈ, ਤਾਂ ਆਪਣਾ ਪਿੱਛਾ ਕਰਨ ਵਾਲੇ ਨਾਲ ਹੋਣ ਵਾਲੇ ਸਾਰੇ ਟਾਕਰਿਆਂ ਦਾ ਇੱਕ ਬਿਓਰਾ ਰੱਖੋ। ਇਹ ਰਿਕਾਰਡ ਪੁਲਿਸ ਅਤੇ ਅਦਾਲਤ ਨੂੰ ਵਿਸ਼ਵਾਸ ਦਿਵਾਉਣ ਵਿੱਚ ਤੁਹਾਡੀ ਮਦਦ ਕਰੇਗਾ ਕਿ ਉਸ 'ਤੇ ਦੋਸ਼ ਲੱਗਣੇ ਚਾਹੀਦੇ ਹਨ।

**ਹਮਲਾ (Assault)** ਉਹ ਹੁੰਦਾ ਹੈ ਜਦੋਂ ਕੋਈ ਵੀ ਵਿਅਕਤੀ ਕਿਸੇ ਦੂਸਰੇ ਖਿਲਾਫ ਤਾਕਤ ਵਰਤੇ, ਜਾਂ ਕਿਸੇ ਦੂਜੇ ਵਿਅਕਤੀ ਖਿਲਾਫ ਤਾਕਤ ਵਰਤਣ ਦੀ ਕੋਸ਼ਿਸ਼ ਕਰੇ ਜਾਂ ਧਮਕੀ ਦੇਵੇ। ਹਮਲਾ ਕਰਨਾ ਇੱਕ ਜੁਰਮ ਹੈ ਭਾਵੇਂ ਤੁਹਾਨੂੰ ਕੋਈ ਸਰੀਰਕ ਸੱਟ ਨਾ ਵੀ ਲੱਗੀ ਹੋਵੇ। ਹਮਲੇ ਵਿੱਚ ਇਹ ਸਭ ਸ਼ਾਮਲ ਹੋ ਸਕਦਾ ਹੈ:

- ਹਿੰਸਾ ਦੀਆਂ ਜ਼ੁਬਾਨੀ ਧਮਕੀਆਂ
- ਥੱਪੜ ਮਾਰਨਾ
- ਧੱਕੇ ਮਾਰਨਾ
- ਲੱਤਾਂ ਮਾਰਨਾ
- ਮੁੱਕਾ ਮਾਰਨਾ
- ਅਚਨਚੇਤ ਧੱਕਾ ਦੇਣਾ

**ਜਿਨਸੀ ਹਮਲਾ (Sexual assault)** ਇੱਕ ਅਜਿਹੀ ਜਿਨਸੀ ਕਾਰਵਾਈ ਜਾਂ ਸਪਰਸ਼ ਹੁੰਦਾ ਹੈ ਜਿਸ ਲਈ ਤੁਸੀਂ ਸਹਿਮਤ ਨਹੀਂ ਹੁੰਦੇ। ਕੈਨੇਡਾ ਵਿੱਚ ਜੇ ਤੁਹਾਡਾ ਪਤੀ ਤੁਹਾਡੇ 'ਤੇ ਜਿਨਸੀ ਹਮਲਾ ਕਰੇ ਤਾਂ ਉਸ 'ਤੇ ਦੋਸ਼ ਲੱਗ ਸਕਦੇ ਹਨ। ਜਿਨਸੀ ਹਮਲਾ ਇਕ ਜੁਰਮ ਹੁੰਦਾ ਹੈ ਭਾਵੇਂ ਤੁਹਾਨੂੰ ਕੋਈ ਸਰੀਰਕ ਸੱਟ ਨਾ ਵੀ ਲੱਗੇ। ਜਿਨਸੀ ਹਮਲੇ ਵਿੱਚ ਇਹ ਕੁੱਝ ਸ਼ਾਮਲ ਹੋ ਸਕਦਾ ਹੈ:

- ਕੋਈ ਅਣਚਾਹਿਆ ਚੁੰਮਣ
- ਕੋਈ ਕਾਮੁਕ ਸਪਰਸ਼
- ਬਲਾਤਕਾਰ ਕਰਨਾ
- ਧਮਕਾ ਕੇ/ਇਹ ਕਹਿ ਕੇ ਜੇ ਤੁਸੀਂ ਇੰਝ ਨਾ ਕੀਤਾ ਜਾਂ ਤੁਹਾਡਾ ਜਾਂ ਕਿਸੇ ਹੋਰ ਦਾ ਜਿਸ ਦੀ ਤੁਸੀਂ ਪਰਵਾਹ ਕਰਦੇ ਹੋ, ਕੋਈ ਮਾੜਾ ਹਸ਼ਰ ਹੋਵੇਗਾ, ਉਪਰੋਕਤ ਵਿੱਚੋਂ ਕੋਈ ਵੀ ਹਰਕਤ ਜਾਂ ਕੋਈ ਹੋਰ ਕਾਮੁਕ ਹਰਕਤ ਕਰਨ ਲਈ ਮਜਬੂਰ ਕਰਨਾ

ਜੇਕਰ ਤੁਸੀਂ ਪਿੱਛਾ ਕੀਤੇ ਜਾਣ, ਹਮਲੇ, ਜਾਂ ਜਿਨਸੀ ਹਮਲੇ ਦਾ ਸ਼ਿਕਾਰ ਹੋਏ ਹੋ ਤਾਂ ਤੁਹਾਨੂੰ ਪੁਲਿਸ ਨੂੰ ਬੁਲਾਉਣ ਦਾ ਹੱਕ ਹੈ।

ਕੈਨੇਡਾ ਵਿੱਚ ਜੇ ਪੁਲਿਸ ਵਾਲਿਆਂ ਨੂੰ ਯਕੀਨ ਹੋਵੇ ਕਿ ਤੁਹਾਡੇ ਸਾਥੀ ਨੇ ਤੁਹਾਡੇ 'ਤੇ ਹਮਲਾ ਕੀਤਾ ਹੈ ਤਾਂ ਇੱਕ ਜਾਂਚ ਕਰਨ ਤੋਂ ਬਾਅਦ ਉਹ ਦੋਸ਼ ਲਗਾ ਦੇਣਗੇ ਭਾਵੇਂ ਤੁਸੀਂ ਚਾਹੋਂ ਵੀ ਕਿ ਉਹ ਅਜਿਹਾ ਨਾ ਕਰਨ। ਕਈ ਵਾਰੀ ਔਰਤਾਂ ਖਿਲਾਫ ਵੀ ਹਮਲਾ ਕਰਨ ਦੇ ਦੋਸ਼ ਲਾਏ ਜਾਂਦੇ ਹਨ ਕਿਉਂਕਿ ਉਨ੍ਹਾਂ ਨਾਲ ਦੁਰਵਿਹਾਰ ਕਰਨ ਵਾਲਾ ਵਿਅਕਤੀ ਪੁਲਿਸ ਨੂੰ ਦੱਸਦਾ ਹੈ ਕਿ ਉਸ 'ਤੇ ਵੀ ਹਮਲਾ ਕੀਤਾ ਗਿਆ ਸੀ।

ਇਹ ਜਾਣ ਲੈਣਾ ਮਹੱਤਵਪੂਰਨ ਹੈ ਕਿ ਭਾਵਨਾਤਮਕ ਦੁਰਵਿਹਾਰ ਨੂੰ ਕੈਨੇਡਾ ਵਿੱਚ ਜੁਰਮ ਨਹੀਂ ਮੰਨਿਆ ਜਾਂਦਾ।

## ਕਾਨੂੰਨ ਕਿਵੇਂ ਮਦਦ ਕਰ ਸਕਦਾ ਹੈ?

ਜੇਕਰ ਤੁਹਾਡਾ ਪਿੱਛਾ ਕੀਤਾ ਗਿਆ ਹੈ, ਤੁਹਾਡੇ 'ਤੇ ਹਮਲਾ, ਜਾਂ ਜਿਨਸੀ ਹਮਲਾ ਹੋਇਆ ਹੈ, ਤਾਂ ਤੁਹਾਡੇ ਸਾਮ੍ਹਣੇ ਕਈ ਰਾਹ ਹੁੰਦੇ ਹਨ। ਇਹਨਾਂ ਵਿਚੋਂ ਕੋਈ ਵੀ ਬਦਲ ਸੌਖਾ ਨਹੀਂ ਹੁੰਦਾ, ਅਤੇ ਨਾ ਹੀ ਇਹ ਗੱਲ ਪੱਕੀ ਹੈ ਕਿ ਕੋਈ ਤਰੀਕਾ ਅੰਜਾਮ ਤਕ ਲੈ ਜਾਵੇਗਾ। ਤੁਹਾਡਾ ਪਹਿਲਾ ਖਿਆਲ ਆਪਣੇ ਆਪ ਨੂੰ ਅਤੇ ਆਪਣੇ ਬੱਚਿਆਂ ਨੂੰ ਸੁਰੱਖਿਅਤ ਰੱਖਣ ਬਾਰੇ ਹੋਣਾ ਚਾਹੀਦਾ ਹੈ। ਇੱਥੇ ਉਹ ਤਿੰਨ ਤਰੀਕੇ ਦਿੱਤੇ ਗਏ ਹਨ ਜਿਨ੍ਹਾਂ ਵਿੱਚ ਕਾਨੂੰਨ ਤੁਹਾਡੀ ਮਦਦ ਕਰ ਸਕਦਾ ਹੈ:

## 1. ਪਰਿਵਾਰਕ ਅਦਾਲਤ ਤੋਂ ਇੱਕ ਹੁਕਮ ਹਾਸਲ ਕਰੋ

ਜੇ ਤੁਹਾਨੂੰ ਡਰਾਇਆ ਧਮਕਾਇਆ ਜਾਂ ਤੁਹਾਡੇ ਨਾਲ ਦੁਰਵਿਹਾਰ ਕੀਤਾ ਜਾ ਰਿਹਾ ਹੈ ਤਾਂ ਤੁਸੀਂ ਪਰਿਵਾਰਕ ਅਦਾਲਤ ਤੋਂ **ਬੰਦਸ਼ ਦਾ ਇੱਕ ਹੁਕਮ (restraining order)** ਲੈਣ ਜਾਂ **ਪਰਿਵਾਰਕ ਮਕਾਨ 'ਤੇ ਇੱਕਲੇ ਕਾਬਜ਼ ਹੋਣ** ਲਈ ਇੱਕ ਹੁਕਮ ਲੈਣ ਵਾਸਤੇ ਅਰਜ਼ੀ ਦੇ ਸਕਦੇ ਹੋ।

### ਬੰਦਸ਼ ਦੇ ਹੁਕਮ

ਤੁਸੀਂ ਆਪਣੇ ਪਤੀ/ਪਤਨੀ, ਕਾਮਨ-ਲਾਅ ਪਾਰਟਨਰ, ਸਾਬਕਾ ਪਤੀ/ਪਤਨੀ ਜਾਂ ਸਾਬਕਾ ਪਾਰਟਨਰ ਵਿਰੁੱਧ ਬੰਦਸ਼ ਦੇ ਹੁਕਮ ਲਈ ਅਰਜ਼ੀ ਦੇ ਸਕਦੇ ਹੋ। ਬੰਦਸ਼ ਦਾ ਹੁਕਮ ਉਨ੍ਹਾਂ ਵਲੋਂ ਕੀਤੀਆਂ ਜਾ ਸਕਣ ਵਾਲੀਆਂ ਕਾਰਵਾਈਆਂ ਨੂੰ ਸੀਮਤ ਕਰ ਦਿੰਦਾ ਹੈ। ਇਹ ਹੁਕਮ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲੇ ਨੂੰ ਤੁਹਾਡੇ ਨਾਲ ਜਾਂ ਤੁਹਾਡੇ ਪਰਿਵਾਰ ਨਾਲ ਸੰਪਰਕ ਕਰਨ ਤੋਂ, ਅਤੇ ਇੱਥੋਂ ਤੱਕ ਸੰਪਰਕ ਕਰਨ ਦੀ ਕੋਸ਼ਿਸ਼ ਕਰਨ ਤੋਂ ਵੀ ਮਨ੍ਹਾ ਕਰ ਸਕਦਾ ਹੈ। ਇਹ ਉਸ ਨੂੰ ਤੁਹਾਡੇ ਤੋਂ ਪਰੇ ਰਹਿਣ ਲਈ ਕਹਿ ਸਕਦਾ ਹੈ ਅਤੇ ਇਹ ਵੀ ਦੱਸ ਸਕਦਾ ਹੈ ਕਿ ਉਸ ਨੂੰ ਹਰ ਵੇਲ਼ੇ ਤੁਹਾਡੇ ਤੋਂ ਕਿੰਨਾ ਫਾਸਲਾ ਰੱਖਣਾ ਪਵੇਗਾ। ਹੁਕਮ ਵਿੱਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਉਸ ਨੂੰ ਗੋਲੀ ਦਾਗਣ ਵਾਲੇ ਜਾਂ ਦੂਸਰੇ ਹਥਿਆਰ ਰੱਖਣ ਦੀ ਇਜ਼ਾਜ਼ਤ ਨਹੀਂ ਹੈ।

*ਇਸ ਵਿੱਚ ਕਿੰਨਾ ਸਮਾਂ ਲੱਗਦਾ ਹੈ?*

ਬੰਦਸ਼ ਦਾ ਕੋਈ ਹੁਕਮ ਪ੍ਰਾਪਤ ਕਰਨ ਵਿੱਚ ਕਈ ਮਹੀਨਿਆਂ ਦਾ ਸਮਾਂ ਲੱਗ ਸਕਦਾ ਹੈ ਕਿਉਂਕਿ ਪਰਿਵਾਰਕ ਅਦਾਲਤ ਵਿੱਚ ਬਹੁਤ ਸਾਰੇ ਕੇਸ ਲੱਗੇ ਹੁੰਦੇ ਹਨ। ਜੇ ਜੱਜ ਨੂੰ ਵਿਸ਼ਵਾਸ ਹੋ ਜਾਵੇ ਕਿ ਤੁਹਾਡੇ ਕੋਲ ਭੈਭੀਤ ਹੋਣ ਦਾ ਠੋਸ ਕਾਰਨ ਹੈ, ਤਾਂ ਉਹ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲੇ ਵਿਅਕਤੀ ਵਿਰੁੱਧ ਤੁਹਾਨੂੰ ਬੰਦਸ਼ ਦਾ ਇੱਕ ਹੁਕਮ ਦੇ ਦੇਵੇਗਾ। ਹੁਕਮ ਇੱਕ ਨਿਸ਼ਚਿਤ ਸਮਾਂ-ਅਵਧੀ ਲਈ ਹੋ ਸਕਦਾ ਹੈ ਜਾਂ ਫਿਰ ਹਾਲਾਤਾਂ ਨੂੰ ਦੇਖਦੇ ਹੋਏ ਇਸ ਨੂੰ ਅਣਮਿਥੇ ਸਮੇਂ ਤਕ ਜਾਰੀ ਰੱਖਿਆ ਜਾ ਸਕਦਾ ਹੈ।

*ਕਿਸੇ ਸੰਕਟਕਾਲੀ ਸਥਿਤੀ ਵਿੱਚ ਕੀ ਕਰਨਾ ਚਾਹੀਦਾ ਹੈ*

ਜੇਕਰ ਤੁਹਾਨੂੰ ਜਾਂ ਤੁਹਾਡੇ ਬੱਚਿਆਂ ਨੂੰ ਨੇੜਲੇ ਭਵਿੱਖ ਵਿੱਚ ਸੱਟ ਮਾਰੇ ਜਾਣ ਦਾ ਬਹੁਤ ਖ਼ਤਰਾ ਹੋਵੇ ਤਾਂ ਤੁਸੀਂ ਇੱਕ-ਤਰਫਾ ਅਧਾਰ 'ਤੇ ਇੱਕ ਹੁਕਮ ਦਿੱਤੇ ਜਾਣ ਲਈ ਆਵੇਦਨ ਕਰ ਸਕਦੇ ਹੋ। ਇਸ ਤੋਂ ਭਾਵ ਹੈ ਕਿ ਤੁਸੀਂ ਜੱਜ ਨੂੰ ਇਹ ਬੇਨਤੀ ਕਰਦੇ ਹੋ ਕਿ ਉਹ ਤੁਹਾਡੇ ਸਾਥੀ ਦੀ ਗੱਲ ਸੁਣੇ ਬਿਨਾਂ ਹੀ ਤੁਹਾਨੂੰ ਬੰਦਸ਼ ਦਾ ਇੱਕ ਹੁਕਮ ਦੇ ਦੇਵੇ। ਇਸ ਕਿਸਮ ਦਾ ਹੁਕਮ ਹਾਸਲ ਕਰਨਾ ਮੁਸ਼ਕਲ ਹੁੰਦਾ ਹੈ ਅਤੇ ਇਹ ਆਮ ਤੌਰ 'ਤੇ ਇੱਕ ਛੋਟੀ ਜਿਹੀ ਅਵਧੀ ਲਈ ਹੀ ਪ੍ਰਭਾਵੀ ਹੋਵੇਗਾ।

*ਕੀ ਹੋਵੇਗਾ ਜੇ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲਾ ਵਿਅਕਤੀ ਹੁਕਮ ਦੀ ਪਾਲਣਾ ਨਹੀਂ ਕਰਦਾ?*

ਬੰਦਸ਼ ਦੇ ਕਿਸੇ ਹੁਕਮ ਦੀ ਉਲੰਘਣਾ ਕਰਨਾ ਇੱਕ ਸੂਬਾਈ ਜੁਰਮ ਹੈ, ਜੋ ਇੰਨਾ ਗੰਭੀਰ ਨਹੀਂ ਮੰਨਿਆ ਜਾਂਦਾ ਜਿੰਨਾ ਕਿ ਕੋਈ ਫੌਜਦਾਰੀ ਜੁਰਮ। ਜੇ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲਾ ਹੁਕਮ ਦੀ ਉਲੰਘਣਾ ਕਰਦਾ ਹੈ ਅਤੇ ਤੁਸੀਂ ਚਾਹੁੰਦੇ ਹੋ ਕਿ ਉਸ 'ਤੇ ਦੋਸ਼ ਲੱਗਣ, ਤਾਂ ਤੁਹਾਨੂੰ ਉਸ ਬਾਰੇ ਪੁਲਿਸ ਨੂੰ ਸੂਚਨਾ ਦੇਣੀ ਪਵੇਗੀ।

## ਪਰਿਵਾਰਕ ਮਕਾਨ 'ਤੇ ਇਕੱਲਿਆਂ ਕਾਬਜ਼ ਹੋਣਾ

ਜੇ ਤੁਸੀਂ ਅਤੇ ਤੁਹਾਡਾ ਸਾਥੀ ਵਿਆਹੇ ਹੋਏ ਹੋ ਤਾਂ ਤੁਸੀਂ ਪਰਿਵਾਰਕ ਅਦਾਲਤ ਕੋਲ ਵਿਆਹ ਵਾਲੇ ਮਕਾਨ 'ਤੇ **ਇਕੱਲਿਆਂ ਕਬਜ਼ਾ** ਲੈਣ ਸਬੰਧੀ ਇੱਕ ਹੁਕਮ ਦੇਣ ਲਈ ਵੀ ਆਵੇਦਨ ਕਰ ਸਕਦੇ ਹੋ। ਇਸ ਦਾ ਭਾਵ ਹੈ ਕਿ ਤੁਹਾਡਾ ਜੀਵਨ ਸਾਥੀ ਮਕਾਨ ਵਿੱਚ ਨਹੀਂ ਆ ਸਕਦਾ ਭਾਵੇਂ ਇਹ ਤੁਹਾਡੀ ਮਲਕੀਅਤ ਹੋਵੇ, ਜਾਂ ਤੁਸੀਂ ਇਸ ਵਿੱਚ ਕਿਰਾਏ 'ਤੇ ਰਹਿੰਦੇ ਹੋਵੋ, ਅਤੇ ਤੁਸੀਂ ਇਸ ਦੇ ਤਾਲੇ ਵੀ ਬਦਲ ਸਕਦੇ ਹੋ। ਜੇ ਤੁਸੀਂ ਕਿਰਾਏਦਾਰ ਹੋ ਤਾਂ ਤਾਲੇ ਬਦਲਣ ਤੋਂ ਪਹਿਲਾਂ ਆਪਣੇ ਮਕਾਨ ਮਾਲਕ ਨਾਲ ਗੱਲ ਕਰੋ।

ਕਾਮਨ-ਲਾਅ ਰਿਸ਼ਤਿਆਂ ਵਿੱਚ ਵਸਣ ਵਾਲੀਆਂ ਔਰਤਾਂ ਲਈ ਇਕੱਲਿਆਂ ਕਾਬਜ਼ ਹੋਣ ਦਾ ਹੁਕਮ ਹਾਸਲ ਕਰਨਾ ਵਧੇਰੇ ਮੁਸ਼ਕਲ ਹੈ। ਇਸ ਮਾਮਲੇ ਵਿੱਚ ਅਜਿਹੀ ਬੇਨਤੀ ਤੁਸੀਂ ਤਦ ਹੀ ਕਰ ਸਕਦੇ ਹੋ ਜੇ ਤੁਸੀਂ ਅਦਾਲਤ ਨੂੰ ਬੱਚਿਆਂ ਲਈ ਜਾਂ ਪਤੀ/ਪਤਨੀ ਲਈ ਸਹਾਰੇ ਦੇ ਰੂਪ ਵਿੱਚ ਮਾਇਕ ਸਹਾਇਤਾ ਲਈ ਬੇਨਤੀ ਕਰ ਰਹੇ ਹੋ।

ਇਕੱਲਿਆਂ ਕਬਜ਼ਾ ਲੈਣ ਦਾ ਹੁਕਮ ਦੋਵਾਂ ਵਿਅਕਤੀਆਂ ਵਿਚੋਂ ਕਿਸੇ ਦੇ ਵੀ ਜਾਇਦਾਦ ਦੀ ਮਲਕੀਅਤ ਸਬੰਧੀ ਅਧਿਕਾਰਾਂ ਨੂੰ ਪ੍ਰਭਾਵਿਤ ਨਹੀਂ ਕਰਦਾ – ਭਾਵੇਂ ਤੁਹਾਡੇ ਸਾਥੀ ਨੂੰ ਮਕਾਨ ਵਿੱਚ ਦਾਖਲੇ ਦੀ ਇਜਾਜ਼ਤ ਨਾ ਹੋਵੇ, ਉਹ ਅਜੇ ਵੀ ਇਸ ਦੇ ਮੁੱਲ ਵਿੱਚ ਆਪਣੇ ਹਿੱਸੇ 'ਤੇ ਦਾਅਵਾ ਰੱਖ ਸਕਦਾ ਹੈ।

## 2. ਆਪਣੇ ਦੁਰਵਿਹਾਰ ਕਰਨ ਵਾਲੇ ਦੀ ਰਿਹਾਈ ਦੀਆਂ ਮੱਦਾਂ/ਸ਼ਰਤਾਂ ਨੂੰ ਜਾਣੋ

ਜੇ ਪੁਲਿਸ ਤੁਹਾਡੇ ਦੁਰਵਿਹਾਰ ਕਰਨ ਵਾਲੇ 'ਤੇ ਪਿੱਛਾ ਕਰਨ, ਹਮਲਾ ਕਰਨ, ਜਾਂ ਜਿਨਸੀ ਹਮਲੇ ਦਾ ਦੋਸ਼ ਲਾਵੇ ਤਾਂ ਉਸ ਨੂੰ ਇਕ ਜ਼ਮਾਨਤੀ ਸੁਣਵਾਈ 'ਤੇ ਲਿਜਾਇਆਂ ਜਾਵੇਗਾ। ਇਸ ਸੁਣਵਾਈ 'ਤੇ ਅਦਾਲਤ ਫੈਸਲਾ ਕਰੇਗੀ ਕਿ ਕੀ ਉਸ 'ਤੇ ਮੁਕੱਦਮਾ ਚੱਲਣ ਤਕ ਉਸ ਨੂੰ ਜੇਲ੍ਹ ਵਿੱਚ ਰੱਖਿਆ ਜਾਵੇ ਜਾਂ ਬਾਹਰ ਰਹਿਣ ਦਿੱਤਾ ਜਾਵੇ। ਜੇ ਉਸ ਨੂੰ ਜੇਲ੍ਹ ਤੋਂ ਬਾਹਰ ਰਹਿਣ ਦਿੱਤਾ ਜਾਵੇ ਤਾਂ ਅਦਾਲਤ ਨੇ ਉਸ ਦੀ **ਜ਼ਮਾਨਤ** ਮੰਜ਼ੂਰ ਕਰ ਲਈ ਹੁੰਦੀ ਹੈ।

ਦੁਰਵਿਹਾਰ ਕਰਨ ਵਾਲੇ ਜ਼ਿਆਦਾਤਰ ਵਿਅਕਤੀ ਜਿਨ੍ਹਾਂ ਦੀ ਜ਼ਮਾਨਤ ਮੰਜੂਰ ਕੀਤੀ ਜਾਵੇ, ਨੂੰ ਸਖਤ ਸ਼ਰਤਾਂ ਦੀ ਪਾਲਣਾ ਕਰਨੀ ਪੈਂਦੀ ਹੈ। ਇਨ੍ਹਾਂ ਨੂੰ **ਰਿਹਾਈ ਦੀਆਂ ਸ਼ਰਤਾਂ** ਜਾਂ ਜਮਾਨਤ ਦੀਆਂ ਸ਼ਰਤਾਂ ਕਿਹਾ ਜਾਂਦਾ ਹੈ। ਜੇ ਦੁਰਵਿਹਾਰ ਕਰਨ ਵਾਲੇ ਨੂੰ ਪੁਲਿਸ ਰਿਹਾ ਕਰੇ, ਤਾਂ ਵੀ ਰਿਹਾਈ ਦੀਆਂ ਸਖ਼ਤ ਸ਼ਰਤਾਂ ਹੋਣਗੀਆਂ। ਰਿਹਾਈ ਦੀਆਂ ਸ਼ਰਤਾਂ ਵਿੱਚ ਲਗਭਗ ਹਮੇਸ਼ਾਂ ਹੀ ਇਹ ਕਿਹਾ ਜਾਂਦਾ ਹੈ ਕਿ ਦੁਰਵਿਹਾਰ ਕਰਨ ਵਾਲੇ ਨੂੰ ਆਪਣੇ ਪੀੜਤ ਵਿਅਕਤੀ ਤੋਂ ਲਾਜ਼ਮੀ ਦੂਰ ਰਹਿਣਾ ਪਵੇਗਾ। ਰਿਹਾਈ ਦੀਆਂ ਸ਼ਰਤਾਂ ਵਿੱਚ ਅਕਸਰ ਇਹ ਵੀ ਕਿਹਾ ਜਾਂਦਾ ਹੈ ਕਿ ਦੁਰਵਿਹਾਰ ਕਰਨ ਵਾਲੇ ਵਿਅਕਤੀ ਨੂੰ:

- ਇੱਕ ਨਿਸ਼ਚਿਤ ਸਮੇਂ ਤਕ ਘਰ ਪਹੁੰਚਣਾ ਪਵੇਗਾ
- ਸ਼ਰਾਬ ਜਾਂ ਨਸ਼ਿਆਂ ਦੇ ਸੇਵਨ ਦੀ ਇਜਾਜ਼ਤ ਨਹੀਂ ਹੈ
- ਗੋਲੀ–ਸਿੱਕੇ ਵਾਲੇ ਹਥਿਆਰ ਖਰੀਦਣ ਜਾਂ ਰੱਖਣ ਦੀ ਇਜਾਜ਼ਤ ਨਹੀਂ ਹੈ
- ਲਾਜ਼ਮੀ ਇੱਕ ਨਿਸ਼ਚਿਤ ਸਥਾਨ 'ਤੇ ਰਹਿਣਾ ਪਵੇਗਾ
- ਪੁਲਿਸ ਕੋਲ ਨਿਯਮਿਤ ਰੂਪ ਨਾਲ ਹਾਜ਼ਰੀ ਦੇਣੀ ਪਵੇਗੀ
- ਬੱਚਿਆਂ ਨੂੰ ਸਿਰਫ ਅਦਾਲਤੀ ਹੁਕਮ ਰਾਹੀਂ ਹੀ ਮਿਲ ਸਕਦਾ ਹੈ

### *ਰਿਹਾਈ ਦੀਆਂ ਸ਼ਰਤਾਂ ਕਿੰਨੀ ਦੇਰ ਤੱਕ ਚੱਲਦੀਆਂ ਹਨ?*

ਜ਼ਿਆਦਾਤਰ ਮਾਮਲਿਆਂ ਵਿੱਚ ਅਦਾਲਤ ਉਸ ਸਮੇਂ ਤਕ ਰਿਹਾਈ ਦੀਆਂ ਸ਼ਰਤਾਂ ਨੂੰ ਨਹੀਂ ਹਟਾਵੇਗੀ ਜਦੋਂ ਤਕ ਮੁਕੱਦਮਾ ਖਤਮ ਨਹੀਂ ਹੋ ਜਾਂਦਾ ਅਤੇ ਸਾਰੇ ਦੋਸ਼ਾਂ ਦਾ ਨਿਪਟਾਰਾ ਨਹੀਂ ਹੋ ਜਾਂਦਾ। ਕਈ ਵਾਰੀ ਅਦਾਲਤ ਮੁਕੱਦਮਾ ਖਤਮ ਹੋਣ ਤੋਂ ਪਹਿਲਾਂ ਸ਼ਰਤਾਂ ਬਦਲ ਦਿੰਦੀਆਂ ਹਨ। ਜੇ ਰਿਹਾਈ ਦੀਆਂ ਸ਼ਰਤਾਂ ਵਿੱਚੋਂ ਇੱਕ ਸ਼ਰਤ ਇਹ ਹੈ ਕਿ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲੇ ਵਿਅਕਤੀ ਨੂੰ ਲਾਜ਼ਮੀ ਤੁਹਾਡੇ ਤੋਂ ਦੂਰ ਰਹਿਣਾ ਪਵੇਗਾ, ਤਾਂ ਅਦਾਲਤ ਤੁਹਾਡੀ ਇਜਾਜ਼ਤ ਤੋਂ ਬਿਨਾਂ ਉਸ ਸ਼ਰਤ ਨੂੰ ਨਹੀਂ ਬਦਲੇਗੀ।

### *ਜੇ ਰਿਹਾਈ ਦੀਆਂ ਸ਼ਰਤਾਂ ਪਰਿਵਾਰਕ ਅਦਾਲਤ ਦੇ ਕਿਸੇ ਹੁਕਮ ਤੋਂ ਉਲਟ ਹੋਣ ਤਾਂ ਕੀ ਹੁੰਦਾ ਹੈ?*

ਪਰਿਵਾਰਕ ਅਦਾਲਤ ਦੇ ਇੱਕ ਹੁਕਮ ਵਿੱਚ ਇਹ ਕਿਹਾ ਗਿਆ ਹੋ ਸਕਦਾ ਹੈ ਕਿ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲੇ ਵਿਅਕਤੀ ਨੂੰ ਆਪਣੇ ਬੱਚਿਆਂ ਨਾਲ ਸਮਾਂ ਬਿਤਾਉਣ ਦਾ ਹੱਕ ਹੈ, ਪਰ ਜੇ ਉਸ 'ਤੇ ਤੁਹਾਡੇ ਉੱਤੇ ਹਮਲਾ ਕਰਨ ਦਾ ਦੋਸ਼ ਹੋਵੇ, ਤਾਂ ਉਸ ਦੀ ਰਿਹਾਈ ਦੀਆਂ ਸ਼ਰਤਾਂ ਵਿੱਚ ਇਹ ਕਿਹਾ ਗਿਆ ਹੋ ਸਕਦਾ ਹੈ ਕਿ ਉਸ ਨੂੰ ਤੁਹਾਡੇ ਕੋਲੋਂ ਅਤੇ ਬੱਚਿਆਂ ਤੋਂ ਹਰ ਹਾਲਤ ਵਿੱਚ ਦੂਰ ਰਹਿਣਾ ਚਾਹੀਦਾ ਹੈ। ਜਦੋਂ ਅਜਿਹਾ ਹੁੰਦਾ ਹੈ ਤਾਂ ਇਹ ਜਾਣਨਾ ਬਹੁਤ ਮੁਸ਼ਕਲ ਹੋ ਸਕਦਾ ਹੈ ਕਿ ਕੀ ਕੀਤਾ ਜਾਵੇ। ਜਿੰਨੀ ਜਲਦੀ ਹੋ ਸਕੇ, **ਕਾਨੂੰਨੀ ਸਲਾਹ ਲਓ।** ਹਮਲੇ ਦੇ ਦੋਸ਼ ਦੀ ਕਾਰਵਾਈ ਚਲਾ ਰਹੇ ਜੱਜ ਅਤੇ ਸਰਕਾਰੀ ਵਕੀਲ ਨੂੰ ਪਰਿਵਾਰਕ ਅਦਾਲਤ ਵੱਲੋਂ ਆਏ ਆਦੇਸ਼ਾਂ ਬਾਰੇ ਦੱਸ ਦਿਓ।

### *ਦੁਰਵਿਹਾਰ ਕਰਨ ਵਾਲੇ ਵਿਅਕਤੀ 'ਤੇ ਨਜ਼ਰ ਕੌਣ ਰੱਖੇਗਾ?*

ਅਦਾਲਤ ਇਹ ਵੀ ਫੈਸਲਾ ਦੇ ਸਕਦੀ ਹੈ ਕਿ ਕਿਸੇ ਵਿਅਕਤੀ 'ਤੇ ਨਜ਼ਰ ਰੱਖਣੀ ਪਵੇਗੀ ਕਿ ਦੁਰਵਿਹਾਰ ਕਰਨ ਵਾਲਾ ਕੀ ਕਰ ਰਿਹਾ ਹੈ। ਇਸ ਵਿਅਕਤੀ ਨੂੰ **ਜਾਮਨ (surety)** ਕਿਹਾ ਜਾਂਦਾ ਹੈ। ਦੁਰਵਿਹਾਰ ਕਰਨ ਵਾਲੇ ਵਿਅਕਤੀ ਨੂੰ ਰਿਹਾ ਕੀਤੇ ਜਾਣ ਤੋਂ ਪਹਿਲਾਂ ਜਾਮਨ ਨੂੰ ਕੋਈ ਨਕਦ ਰਾਸ਼ੀ ਜਮ੍ਹਾ ਕਰਾਉਣੀ ਪੈ ਸਕਦੀ ਹੈ। ਜੇ ਦੁਰਵਿਹਾਰ ਕਰਨ ਵਾਲਾ ਵਿਅਕਤੀ ਆਪਣੀ ਰਿਹਾਈ ਦੀਆਂ ਸ਼ਰਤਾਂ ਦੀ ਉਲੰਘਣਾ ਕਰਦਾ ਹੈ ਤਾਂ ਜਾਮਨ ਨੂੰ ਲਾਜ਼ਮੀ ਪੁਲਿਸ ਨੂੰ ਦੱਸਣਾ ਪਵੇਗਾ। ਜੇ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲਾ ਵਿਅਕਤੀ ਆਪਣੀ ਰਿਹਾਈ ਦੀਆਂ ਸ਼ਰਤਾਂ ਦੀ ਉਲੰਘਣਾ ਕਰਦਾ ਹੈ ਤਾਂ ਪੁਲਿਸ ਨੂੰ ਇਸ ਦੀ ਇਤਲਾਹ ਤੁਹਾਨੂੰ ਦੇਣੀ ਚਾਹੀਦੀ ਹੈ, ਨਾ ਕਿ ਜਮਾਨਤੀ ਨੂੰ।

*ਜੇਕਰ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲਾ ਆਗਿਆ ਦੀ ਪਾਲਣਾ ਨਹੀਂ ਕਰਦਾ ਤਾਂ ਕੀ ਹੁੰਦਾ ਹੈ?*

ਜੇਕਰ ਦੋਸ਼ੀ ਠਹਿਰਾਇਆ ਗਿਆ ਕੋਈ ਵਿਅਕਤੀ ਆਪਣੀ ਰਿਹਾਈ ਦੀਆਂ ਸ਼ਰਤਾਂ ਦੀ ਪਾਲਣਾ ਨਹੀਂ ਕਰਦਾ ਤਾਂ ਉਸ ਖਿਲਾਫ਼ ਇੱਕ ਨਵਾਂ ਫੌਜਦਾਰੀ ਜੁਰਮ ਕਰਨ ਦਾ ਦੋਸ਼ ਲਗਾਇਆ ਜਾ ਸਕਦਾ ਹੈ। ਨਵਾਂ ਦੋਸ਼ ਮੂਲ ਜੁਰਮ ਵਿੱਚ ਲਗਾਏ ਗਏ ਦੋਸ਼ਾਂ ਨਾਲ ਜੋੜਿਆ ਜਾਵੇਗਾ।

ਜੇਕਰ ਦੋਸ਼ੀ ਠਹਿਰਾਇਆ ਜਾ ਚੁੱਕਾ ਵਿਅਕਤੀ ਰਿਹਾਈ ਦੀਆਂ ਸ਼ਰਤਾਂ ਨੂੰ ਤੋੜਣਾ ਜਾਰੀ ਰੱਖਦਾ ਹੈ ਤਾਂ ਅਦਾਲਤ ਇਹ ਫੈਸਲਾ ਦੇ ਸਕਦੀ ਹੈ ਕਿ ਉਸ ਦੀ ਜਮਾਨਤ ਵਾਪਸ ਲੈ ਲਈ ਜਾਵੇ। ਇਸ ਸਥਿਤੀ ਵਿੱਚ ਉਸ ਨੂੰ ਮੁਕੱਦਮਾ ਚੱਲਣ ਤਕ ਜੇਲ੍ਹ ਵਿੱਚ ਹੀ ਰੱਖਿਆ ਜਾਵੇਗਾ। ਅਦਾਲਤ ਉਸ ਨੂੰ ਤਾਂ ਵੀ ਜੇਲ੍ਹ ਵਿੱਚ ਰੱਖ ਸਕਦੀ ਹੈ ਜੇ ਉਹ ਕੁਝ ਅਜਿਹਾ ਕਰਦਾ ਹੈ ਜੋ ਇਹ ਦਰਸਾਉਂਦਾ ਹੋਵੇ ਕਿ ਉਹ ਤੁਹਾਨੂੰ ਸੱਟ-ਫੇਟ ਪਹੁੰਚਾਉਣ ਦੀ ਯੋਜਨਾ ਬਣਾ ਰਿਹਾ ਹੈ, ਜਿਵੇਂ ਕੋਈ ਬੰਦੂਕ ਖਰੀਦਣਾ।

## 3. ਪੀਸ ਬਾਂਡ (ਸ਼ਾਂਤੀ ਸਮਝੌਤਾ) ਪ੍ਰਾਪਤ ਕਰਨਾ

ਜੇਕਰ ਤੁਹਾਨੂੰ ਡਰਾਇਆ ਧਮਕਾਇਆ ਗਿਆ ਹੈ ਜਾਂ ਤੁਹਾਡੇ 'ਤੇ ਹਮਲਾ ਕੀਤਾ ਗਿਆ ਹੈ, ਤਾਂ ਤੁਸੀਂ **ਸ਼ਾਂਤੀ ਦਾ ਬਾਂਡ** ਪ੍ਰਾਪਤ ਕਰ ਸਦਕੇ ਹੋ। ਤੁਸੀਂ ਤਾਂ ਵੀ ਸ਼ਾਂਤੀ ਬਾਂਡ ਲਈ ਬੇਨਤੀ ਕਰ ਸਕਦੇ ਹੋ ਜੇ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲਾ ਵਿਅਕਤੀ ਡਰਾਉਂਦਾ ਧਮਕਾਉਂਦਾ ਜਾਂ ਤੁਹਾਡੇ ਨਾਲ ਜੁੜੀ ਕਿਸੇ ਚੀਜ਼ 'ਤੇ ਹਮਲਾ ਕਰਦਾ ਹੈ। ਕਿਸੇ ਸ਼ਾਂਤੀ ਬਾਂਡ ਵਿੱਚ ਇਹ ਕਿਹਾ ਜਾਵੇਗਾ ਕਿ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲੇ ਵਿਅਕਤੀ ਨੂੰ ਇੱਕ ਸਾਲ ਤਕ ਦੇ ਸਮੇਂ ਲਈ ਤੁਹਾਡੇ ਤੋਂ, ਤੁਹਾਡੇ ਪਰਿਵਾਰ ਅਤੇ ਤੁਹਾਡੀ ਸੰਪਤੀ ਤੋਂ ਲਾਜ਼ਮੀ ਪਰੇ ਰਹਿਣਾ ਪਵੇਗਾ। ਸ਼ਾਂਤੀ ਬਾਂਡ ਕੋਈ ਫੌਜਦਾਰੀ ਜੁਰਮ ਨਹੀਂ ਹੁੰਦਾ ਪਰੰਤੂ ਕਿਸੇ ਸ਼ਾਂਤੀ ਬਾਂਡ ਦੀ ਉਲੰਘਣਾ ਕਰਨਾ ਇੱਕ ਜੁਰਮ ਹੈ।

*ਸ਼ਾਂਤੀ ਬਾਂਡ ਦਾ ਇਸਤੇਮਾਲ ਕਦੋਂ ਕੀਤਾ ਜਾਵੇ।*

ਸ਼ਾਂਤੀ ਬਾਂਡ ਚੰਗਾ ਵਿਚਾਰ ਹੁੰਦਾ ਹੈ ਜੇ ਤੁਸੀਂ ਪੁਲਿਸ ਦਾ ਦਖ਼ਲ ਨਹੀਂ ਚਾਹੁੰਦੇ ਜਾਂ ਜੇ ਤੁਸੀਂ ਦੁਰਵਿਹਾਰ ਬਾਰੇ ਪੁਲਿਸ ਨੂੰ ਦੱਸਿਆ ਸੀ ਪਰ ਉਨ੍ਹਾਂ ਨੇ ਕੋਈ ਦੋਸ਼ ਨਹੀਂ ਲਗਾਇਆ।

*ਸ਼ਾਂਤੀ ਬਾਂਡ ਕਿਵੇਂ ਹਾਸਲ ਕੀਤਾ ਜਾਵੇ?*

ਸ਼ਾਂਤੀ ਬਾਂਡ ਪ੍ਰਾਪਤ ਕਰਨ ਲਈ, ਤੁਹਾਨੂੰ ਕਿਸੇ **ਜਸਟਿਸ ਆਫ ਪੀ (JP)** ਨਾਲ ਗੱਲ ਕਰਨੀ ਪੈਂਦੀ ਹੈ। ਤੁਹਾਨੂੰ ਸੱਚ ਬੋਲਣ ਦੀ ਸਹੁੰ ਖਾਣੀ ਪਵੇਗੀ ਅਤੇ ਉਸ ਤੋਂ ਬਾਅਦ ਜੇ.ਪੀ. ਨੂੰ ਦੱਸਣਾ ਪਵੇਗਾ ਕਿ ਤੁਹਾਨੂੰ ਆਪਣੇ ਨਾਲ ਦੁਰਵਿਹਾਰ ਕਰਨ ਵਾਲੇ ਵਿਅਕਤੀ ਤੋਂ ਡਰ ਕਿਉਂ ਲੱਗਦਾ ਹੈ। ਜੇ.ਪੀ. ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲੇ ਵਿਅਕਤੀ ਨੂੰ ਦੱਸੇਗਾ ਕਿ ਤੁਸੀਂ ਬਾਂਡ ਹਾਸਲ ਕਰਨ ਲਈ ਸੁਣਵਾਈ ਕੀਤੇ ਜਾਣ ਦੀ ਬੇਨਤੀ ਕੀਤੀ ਹੈ। ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲਾ ਵਿਅਕਤੀ ਸੁਣਵਾਈ 'ਤੇ ਜਾ ਕੇ ਗਵਾਹੀ ਦੇ ਸਕਦਾ ਹੈ। ਜੇ.ਪੀ. ਤੁਹਾਨੂੰ ਦੋਵਾਂ ਨੂੰ ਸੁਣਨ ਤੋਂ ਬਾਅਦ ਫੈਸਲਾ ਕਰੇਗਾ ਕਿ ਕੀ ਕਰਨਾ ਹੈ। ਹੇਠ ਲਿਖੀਆਂ ਗੱਲਾਂ ਵਾਪਰ ਸਕਦੀਆਂ ਹਨ:

- ਜੇਕਰ ਜੇ.ਪੀ. ਨੂੰ ਵਿਸ਼ਵਾਸ਼ ਹੋ ਜਾਂਦਾ ਹੈ ਕਿ ਤੁਹਾਡੇ ਕੋਲ ਭੈਭੀਤ ਹੋਣ ਦਾ ਇੱਕ ਠੋਸ ਕਾਰਨ ਹੈ, ਤਾਂ ਤੁਹਾਡੇ ਦੁਰਵਿਹਾਰ ਕਰਨ ਵਾਲੇ ਨੂੰ ਇੱਕ ਸ਼ਾਂਤੀ ਬਾਂਡ 'ਤੇ ਦਸਤਖਤ ਕਰਨ ਲਈ ਕਹੇਗਾ। ਸ਼ਾਂਤੀ ਬਾਂਡ ਵਿੱਚ ਇਹ ਕਿਹਾ ਜਾਵੇਗਾ ਕਿ ਤੁਹਾਡੇ ਦੁਰਵਿਹਾਰ ਕਰਨ ਵਾਲੇ ਨੂੰ ਇੱਕ ਸਾਲ ਤਕ ਦੇ ਸਮੇਂ ਲਈ ਤੁਹਾਡੇ ਤੋਂ, ਤੁਹਾਡੇ ਪਰਿਵਾਰ ਅਤੇ ਤੁਹਾਡੀ ਜਾਇਦਾਦ ਤੋਂ ਲਾਜ਼ਮੀ ਦੂਰ ਰਹਿਣਾ ਪਵੇਗਾ।
- ਜੇਕਰ ਜੇ.ਪੀ. ਨੂੰ ਪਤਾ ਨਾ ਲੱਗੇ ਕਿ ਕਿਸ 'ਤੇ ਵਿਸ਼ਵਾਸ਼ ਕੀਤੇ ਜਾਵੇ, ਜਾਂ ਜੇ ਉਹ ਮੰਨੇ ਕਿ ਤੁਹਾਡੇ ਵਿੱਚੋਂ ਦੋਵੇਂ ਹੀ ਸਥਿਤੀ ਲਈ ਜ਼ੁੰਮੇਵਾਰ ਹੋ, ਤਾਂ ਉਹ ਤੁਹਾਡੀ ਅਰਜ਼ੀ ਨੂੰ ਖਾਰਜ ਕਰ ਸਕਦੀ ਹੈ। ਜਾਂ ਫਿਰ ਉਹ ਇੱਕ ਆਪਸੀ ਸ਼ਾਂਤੀ ਦੇ ਬਾਂਡ (mutual peace bond) ਦਾ ਹੁਕਮ ਦੇ ਸਕਦੀ ਹੈ। ਇਸ ਤੋਂ ਭਾਵ ਹੁੰਦਾ ਹੈ ਕਿ ਤੁਹਾਨੂੰ ਦੋਵਾਂ ਨੂੰ ਹੀ ਇੱਕ ਦੂਸਰੇ ਤੋਂ ਦੂਰ ਰਹਿਣਾ ਪਵੇਗਾ। ਤੁਹਾਨੂੰ ਇਹ ਮੰਨਦੇ ਹੋਏ ਬਾਂਡ 'ਤੇ ਦਸਖਤ ਕਰਨੇ ਪੈਣਗੇ ਕਿ ਤੁਸੀਂ ਇਸ ਵਿੱਚ ਕਹੀਆਂ ਗੱਲਾਂ ਦੀ ਪਾਲਣਾ ਕਰਨ ਦਾ ਵਚਨ ਦਿੰਦੇ ਹੋ।

ਆਪਸੀ ਸ਼ਾਂਤੀ ਦੇ ਇੱਕ ਬਾਂਡ 'ਤੇ ਸਹਿਮਤ ਹੋਣ ਤੋਂ ਪਹਿਲਾਂ ਕਿਸੇ ਵਕੀਲ ਨਾਲ ਗੱਲ ਕਰੋ। ਦੁਰਵਿਹਾਰ ਕਰਨ ਵਾਲੇ ਕੁੱਝ ਪੁਰਸ਼ ਆਪਸੀ ਸ਼ਾਂਤੀ ਦੇ ਬਾਂਡਾਂ ਨੂੰ ਕਿਸੇ ਔਰਤ ਨੂੰ ਕਾਬੂ ਵਿੱਚ ਰੱਖਣ ਅਤੇ ਸਤਾਉਣ ਦੇ ਇੱਕ ਢੰਗ ਵਜੋਂ ਇਸਤੇਮਾਲ ਕਰਦੇ ਹਨ। ਉਦਾਹਰਣ ਲਈ, ਉਹ ਤੁਹਾਨੂੰ ਆਪਣੇ ਬਹੁਤ ਨਜ਼ਦੀਕ ਲਿਆਉਣ ਦੀ ਚਾਲ ਵਿੱਚ ਫਸਾਉਣ ਦੀ ਕੋਸ਼ਿਸ਼ ਕਰ ਸਕਦਾ ਹੈ, ਤਾਂ ਜੋ ਉਹ ਪੁਲਿਸ ਨੂੰ ਬੁਲਾ ਨਾ ਸਕੇ ਅਤੇ ਤੁਹਾਡੇ 'ਤੇ ਆਦੇਸ਼ ਦੀ ਪਾਲਣਾ ਨਾ ਕਰਨ ਦਾ ਦੋਸ਼ ਲਗਵਾ ਸਕੇ।

ਤੁਸੀਂ ਜੇ.ਪੀ. ਨੂੰ ਸ਼ਾਂਤੀ ਬਾਂਡ ਵਿੱਚ ਸ਼ਰਤਾਂ ਜੋੜਣ ਲਈ ਬੇਨਤੀ ਕਰ ਸਕਦੇ ਹੋ। ਉਦਾਹਰਣ ਲਈ ਤੁਸੀਂ ਸ਼ਾਂਤੀ ਬਾਂਡ ਵਿੱਚ ਇਹ ਗੱਲ ਅਖਵਾਉਣ ਦੀ ਬੇਨਤੀ ਕਰ ਸਕਦੇ ਹੋ ਕਿ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲੇ ਵਿਅਕਤੀ ਨੂੰ ਤੁਹਾਡੇ ਕੰਮ ਦੇ ਸਥਾਨ ਦੇ ਨਜ਼ਦੀਕ ਬਿਲਕੁਲ ਨਹੀਂ ਜਾਣਾ ਚਾਹੀਦਾ।

ਇੱਕ ਵਾਰੀ ਸ਼ਾਂਤੀ ਬਾਂਡ ਹਾਸਲ ਕਰਨ ‘ਤੇ ਇਸ ਨੂੰ ਸੀਪੀਆਈਸੀ **(CPIC –** ਕੈਨੇਡੀਅਨ ਪੁਲਿਸ ਇਨਫਰਮੇਸ਼ਨ ਸੈਂਟਰ) **ਕੋਲ ਦਾਇਰ ਕਰ** ਦਿਓ। ਕਿਸੇ ਘਰੇਲੂ ਝਗੜੇ ਵਿੱਚ ਪੁਲਿਸ ਸੱਦੇ ਜਾਣ ਤੇ ਪੁਲਿਸ ਵਾਲਿਆਂ ਤੋਂ ਹਰ ਵਾਰੀ CPIC ਦੀ ਜਾਂਚ ਕਰਨ ਦੀ ਆਸ ਕੀਤੀ ਜਾਂਦੀ ਹੈ।

### *ਜੇਕਰ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲਾ ਆਗਿਆ ਦਾ ਪਾਲਣ ਨਹੀਂ ਕਰਦਾ ਤਾਂ ਕੀ ਹੁੰਦਾ ਹੈ?*

ਜੇਕਰ ਤੁਹਾਡੇ ਨਾਲ ਦੁਰਵਿਹਾਰ ਕਰਨ ਵਾਲਾ ਸ਼ਾਂਤੀ ਬਾਂਡ ਦੀ ਪਾਲਣਾ ਨਹੀਂ ਕਰਦਾ, ਤਾਂ ਪੁਲਿਸ ਨੂੰ ਫੋਨ ਕਰੋ। ਉਨ੍ਹਾਂ ਨੂੰ ਦੱਸੋ ਕਿ ਤੁਸੀਂ **ਸ਼ਾਂਤੀ ਬਾਂਡ ਦੀ ਉਲੰਘਣਾ** ਦੀ ਇਤਲਾਹ ਦੇਣ ਲਈ ਫੋਨ ਕਰ ਰਹੇ ਹੋ। ਉਹ ਉਸ ਨੂੰ ਉਸ ਸਮੇਂ ਤਕ ਸ਼ਾਂਤੀ ਬਾਂਡ ਦੀ ਉਲੰਘਣਾ ਦਾ ਦੋਸ਼ੀ ਨਹੀਂ ਠਹਿਰਾਉਣਗੇ ਜਦੋਂ ਤਕ ਕਿ ਉਨ੍ਹਾਂ ਕੋਲ ਇਸ ਦਾ ਰਿਕਾਰਡ ਨਾ ਹੋਵੇ। ਇਹੋ ਕਾਰਨ ਹੈ ਕਿ ਸ਼ਾਂਤੀ ਬਾਂਡ ਨੂੰ ਸੀਪੀਆਈਸੀ ਕੋਲ ਫਾਈਲ ਕਰਨਾ ਜ਼ਰੂਰੀ ਹੈ।

*ਜੇ ਤੁਸੀਂ ਓਨਟੇਰੀਓ ਵਿੱਚ ਰਹਿੰਦੀ ਫਰਾਂਸੀਸੀ ਬੋਲੀ ਬੋਲਣ ਵਾਲੀ ਕੋਈ ਔਰਤ ਹੋ ਤਾਂ ਤੁਹਾਨੂੰ ਪਹਿਲਾਂ ਪਰਿਵਾਰਕ ਕਾਨੂੰਨ ਦੀ ਅਦਾਲਤ ਦੀਆਂ ਕਾਰਵਾਈਆਂ ਵਿੱਚ ਫਰਾਂਸੀਸੀ ਬੋਲੀ ਦੀਆਂ ਸੇਵਾਵਾਂ ਹਾਸਲ ਕਰਨ ਦਾ ਹੱਕ ਹੈ।ਆਪਣੇ ਹੱਕਾਂ ਬਾਰੇ ਵਧੇਰੇ ਜਾਣਕਾਰੀ ਲਈ ਕਿਸੇ ਵਕੀਲ, ਕਮਿਊਨਿਟੀ ਕਾਨੂੰਨ ਕਲੀਨਿਕ, ਜਾਂ ਹਿਮਾਇਤ ਦੇਣ ਵਾਲੀ ਲਾਈਨ ਫੈਮਏਡ (Femaide) ਨਾਲ਼ 1-877-336-2433, ਟੀ.ਟੀ.ਵਾਈ. 1-866-860-7082 ‘ਤੇ ਸੰਪਰਕ ਕਰੋ। ਫਰਾਂਸੀਸੀ ਬੋਲੀ ਦੀਆਂ ਸੇਵਾਵਾਂ ਹਾਸਲ ਕਰਨ ਸਬੰਧੀ ਵਧੇਰੇ ਜਾਣਕਾਰੀ ਤੁਹਾਨੂੰ ਸਾਡੀ ਵੈੱਬਸਾਈਟ www.onefamilylaw.ca ਜਾਂ www.undroitdefamille.ca ‘ਤੇ ਮਿਲ ਸਕਦੀ ਹੈ।*

## ਪਰਿਵਾਰਕ ਕਾਨੂੰਨ ਦੇ ਉਪਲਬਧ ਵਿਸ਼ੇ:*

1. ਝਗੜਿਆਂ ਦਾ ਬਦਲਵਾਂ ਹੱਲ ਅਤੇ ਪਰਿਵਾਰਕ ਕਾਨੂੰਨ (PJB 001)
2. ਬੱਚਿਆਂ ਦੀ ਰੱਖਿਆ ਅਤੇ ਪਰਿਵਾਰਕ ਕਾਨੂੰਨ (PJB 002)
3. ਬਾਲ ਸਹਾਇਤਾ (PJB 003)
4. **ਫੌਜਦਾਰੀ ਅਤੇ ਪਰਿਵਾਰਕ ਕਾਨੂੰਨ (PJB 004)**
5. ਹਵਾਲਗੀ ਅਤੇ ਮੁਲਾਕਾਤ ਦਾ ਹੱਕ (PJB 005)
6. ਘਰੇਲੂ ਇਕਰਾਰਨਾਮੇ (PJB 006)
7. ਪਰਿਵਾਰਕ ਕਾਨੂੰਨ ਦੇ ਮਾਮਲਿਆਂ ਵਿੱਚ ਸਾਲਸੀ (PJB 007)
8. ਪ੍ਰਵਾਸੀ, ਸ਼ਰਨਾਰਥੀ ਅਤੇ ਗੈਰ-ਰੁਤਬਾ ਔਰਤਾਂ ਲਈ ਪਰਿਵਾਰਕ ਕਾਨੂੰਨ ਸੰਬੰਧੀ ਮਸਲੇ (PJB 008)
9. ਪਰਿਵਾਰਕ ਕਾਨੂੰਨ ਨਾਲ ਸਬੰਧਤ ਤੁਹਾਡੀ ਮੁਸ਼ਕਲ ਲਈ ਮਦਦ ਲੱਭਣਾ (PJB 009)
10. ਪਰਿਵਾਰਕ ਕਾਨੂੰਨ ਵਿੱਚ ਜਾਇਦਾਦ ਦੀ ਵੰਡ ਕਿਵੇਂ ਕੀਤੀ ਜਾਂਦੀ ਹੈ (PJB 010)
11. ਵਿਆਹ ਅਤੇ ਤਲਾਕ (PJB 011)
12. ਪਤੀ/ਪਤਨੀ ਲਈ ਸਹਾਇਤਾ (PJB 012)

** ਇਹ ਪਰਚਾ ਅਨੇਕਾਂ ਅਲੱਗ-ਅਲੱਗ ਫਰਮਿਆਂ ਅਤੇ ਬੋਲੀਆਂ ਵਿੱਚ ਉਪਲਬਧ ਹੈ। ਵਧੇਰੇ ਜਾਣਕਾਰੀ ਲਈ ਮਿਹਰਬਾਨੀ ਕਰਕੇ www.onefamilylaw.ca ਵੇਖੋ ਜੀ। ਪਰਿਵਾਰਕ ਕਾਨੂੰਨ ਦੇ ਆਪਣੇ ਹੱਕਾਂ ਨੂੰ ਸਮਝਣ ਵਿੱਚ ਮਦਦ ਲਈ ਤੁਹਾਨੂੰ ਵਧੀਕ ਜਾਣਕਾਰੀ ਸਾਡੀ ਵੈੱਬਸਾਈਟ ਤੋਂ ਵੀ ਮਿਲ ਸਕਦੀ ਹੈ।*


flew Family Law Education for Women
Women's Right to Know

fodf Femmes ontariennes et droit de la famille
Le droit de savoir

Funded by: / Financé par :
Ontario

ਇਨ੍ਹਾਂ ਸਮੱਗਰੀਆਂ ਵਿੱਚ ਜ਼ਾਹਰ ਕੀਤੇ ਵਿਚਾਰ ਐੱਫ.ਐੱਲ.ਈ.ਡਬਲਿਊ.
ਦੇ ਹਨ ਅਤੇ ਜ਼ਰੂਰੀ ਨਹੀਂ ਕਿ ਉਹ ਸੂਬਾਈ ਸਰਕਾਰ ਦੇ ਵਿਚਾਰਾਂ ਦੀ ਤਰਜਮਾਨੀ ਕਰਨ।